# ਨਗਰ ਨਿਗਮ, ਬਠਿੰਡਾ।

ਕਾਰਵਾਈ ਜਨਰਲ ਹਾਊਸ ਦੀ ਸਪੈਸ਼ਲ ਮੀਟਿੰਗ ਮਿਤੀ 15.11.2023 ਨੂੰ ਬਾਅਦ ਦੁਪਹਿਰ 3.35 ਵਜੇ

ਅੱਜ ਮਿਤੀ 15.11.2023 ਨੂੰ ਬਾਅਦ ਦੁਪਹਿਰ 3.30 ਵਜੇ ਜਨਰਲ ਹਾਊਸ ਦੀ ਸਪੈਸ਼ਲ ਮੀਟਿੰਗ ਨਗਰ ਨਿਗਮ ਦੇ ਮੀਟਿੰਗ ਹਾਲ ਵਿੱਚ ਰੱਖੀ ਗਈ ਸੀ। ਤਕਰੀਬਨ 5 ਮਿਨਟ ਉਡੀਕਣ ਉਪਰੰਤ ਸ਼੍ਰੀਮਤੀ ਰਮਨ ਗੋਇਲ, ਮੇਅਰ, ਨਗਰ ਨਿਗਮ ਬਠਿੰਡਾ ਹਾਜ਼ਰ ਨਹੀਂ ਹੋਏ। ਇਸ ਉਪਰੰਤ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਟੈਲੀਫੋਨ ਰਾਹੀਂ ਉਸ ਸਮੇਂ ਨਿਗਮ ਦਫਤਰ ਵਿਖੇ ਹਾਜ਼ਰ ਸ਼੍ਰੀਮਤੀ ਰਮਨ ਗੋਇਲ ਜੀ ਨਾਲ ਗੱਲ ਕੀਤੀ ਗਈ। ਉਹਨਾਂ ਜਵਾਬ ਦਿੱਤਾ ਕਿ ਉਹ ਮੀਟਿੰਗ ਵਿੱਚ ਨਹੀਂ ਆਉਣਾ ਚਾਹੁੰਦੇ ਅਤੇ ਕਾਨੂੰਨ ਅਨੁਸਾਰ ਆਪਣੇ ਪੱਧਰ ਤੇ ਅਗਲੇਰੀ ਕਾਰਵਾਈ ਅਮਲ ਵਿੱਚ ਲਿਆਂਦੀ ਜਾਵੇ। ਇਸ ਉਪਰੰਤ ਨਗਰ ਨਿਗਮ ਐਕਟ 1976 ਦੀ ਧਾਰਾ 55(2) ਅਧੀਨ ਸ਼੍ਰੀ ਅਸ਼ੋਕ ਕੁਮਾਰ, ਸੀਨੀਅਰ ਡਿਪਟੀ ਮੇਅਰ ਵੱਲੋਂ ਮੀਟਿੰਗ ਦੀ ਪ੍ਰਧਾਨਗੀ ਕੀਤੀ ਗਈ। ਮੀਟਿੰਗ ਵਿੱਚ ਹੇਠ ਲਿਖੇ ਕੌਂਸਲਰ ਸਾਹਿਬਾਨ ਨੇ ਹਿੱਸਾ ਲਿਆ।

| ਲੜੀ ਨੰ: | ਕੌਂਸਲਰ ਦਾ ਨਾਮ ਸਰਵ ਸ਼੍ਰੀ/ਸ਼੍ਰੀਮਤੀ | ਵਾਰਡ ਨੰਬਰ | ਅਹੁੱਦਾ |
|---|---|---|---|
| 1 | ਅਮਨਦੀਪ ਕੌਰ | 1 | ਕੌਂਸਲਰ |
| 2 | ਸੁਖਦੀਪ ਸਿੰਘ ਢਿੱਲੋਂ | 2 | ਕੌਂਸਲਰ |
| 3 | ਸੁਖਦੇਵ ਸਿੰਘ | 4 | ਕੌਂਸਲਰ |
| 4 | ਬੇਅੰਤ ਸਿੰਘ ਰੰਧਾਵਾ | 6 | ਕੌਂਸਲਰ |
| 5 | ਹਰਪਾਲ ਸਿੰਘ ਢਿੱਲੋਂ | 8 | ਕੌਂਸਲਰ |
| 6 | ਗੁਰਦੇਵ ਕੌਰ | 13 | ਕੌਂਸਲਰ |
| 7 | ਵਿਵੇਕ ਗਰਗ | 14 | ਕੌਂਸਲਰ |
| 8 | ਮਨਜੀਤ ਕੌਰ | 15 | ਕੌਂਸਲਰ |
| 9 | ਬਲਰਾਜ ਸਿੰਘ | 16 | ਕੌਂਸਲਰ |
| 10 | ਮੱਖਣ ਸਿੰਘ | 20 | ਕੌਂਸਲਰ |
| 11 | ਸੰਤੋਸ਼ ਕੁਮਾਰੀ ਮਹੰਤ | 21 | ਕੌਂਸਲਰ |
| 12 | ਸੁਰੇਸ਼ ਚੌਹਾਨ | 22 | ਕੌਂਸਲਰ |
| 13 | ਕਿਰਨ ਰਾਣੀ | 23 | ਕੌਂਸਲਰ |
| 14 | ਸ਼ਾਮ ਲਾਲ ਗਰਗ | 24 | ਕੌਂਸਲਰ |
| 15 | ਕਮਲਜੀਤ ਕੌਰ | 25 | ਕੌਂਸਲਰ |
| 16 | ਹਰਮੰਦਰ ਸਿੰਘ | 28 | ਡਿਪਟੀ ਮੇਅਰ |
| 17 | ਰੀਨਾ ਗੁਪਤਾ | 29 | ਕੌਂਸਲਰ |
| 18 | ਬਲਜਿੰਦਰ ਸਿੰਘ | 30 | ਕੌਂਸਲਰ |
| 19 | ਪ੍ਰਵੀਨ ਗਰਗ | 31 | ਕੌਂਸਲਰ |
| 20 | ਉਮੇਸ਼ ਗਰਗ | 32 | ਕੌਂਸਲਰ |
| 21 | ਨੇਹਾ | 33 | ਕੌਂਸਲਰ |
| 22 | ਜਸਵੀਰ ਸਿੰਘ | 34 | ਕੌਂਸਲਰ |
| 23 | ਹਰਵਿੰਦਰ ਸਿੰਘ | 36 | ਕੌਂਸਲਰ |
| 24 | ਅਸ਼ੋਕ ਕੁਮਾਰ | 37 | ਸੀਨੀਅਰ ਡਿਪਟੀ ਮੇਅਰ |
| 25 | ਪੁਸ਼ਪਾ ਰਾਣੀ | 39 | ਕੌਂਸਲਰ |
| 26 | ਕੁਲਵਿੰਦਰ ਕੌਰ | 41 | ਕੌਂਸਲਰ |
| 27 | ਅਨੀਤਾ ਗੋਇਲ | 43 | ਕੌਂਸਲਰ |
| 28 | ਰਾਜ ਰਾਣੀ | 45 | ਕੌਂਸਲਰ |
| 29 | ਮਮਤਾ | 47 | ਕੌਂਸਲਰ |
| 30 | ਕਮਲੇਸ਼ ਮਹਿਰਾ | 49 | ਕੌਂਸਲਰ |
| 31 | ਮਲਕੀਤ ਸਿੰਘ ਗਿੱਲ | 50 | ਕੌਂਸਲਰ |
| 32 | ਜਗਰੂਪ ਸਿੰਘ ਗਿੱਲ | | ਵਿਧਾਇਕ-ਕਮ-ਐਕਸ ਆਫੀਸ਼ਿਓ ਮੈਂਬਰ |

ਇਸ ਉਪਰੰਤ ਮੀਟਿੰਗ ਦੀ ਕਾਰਵਾਈ ਸ਼ੁਰੂ ਕੀਤੀ ਗਈ।

ਏਜੰਡਾ ਨੰ: 1

ਦਫਤਰੀ ਰਿਪੋਰਟ ਕਿ ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਦੇ ਖਿਲਾਫ ਬੇਭਰੋਸਗੀ ਮਤੇ ਸਬੰਧੀ ਨਗਰ ਨਿਗਮ ਦੇ ਕੁੱਝ ਕੌਂਸਲਰ ਸਾਹਿਬਾਨ ਵੱਲੋਂ ਰਿਕੂਜੀਸ਼ਨ ਦਿੱਤੀ ਗਈ ਹੈ। ਇਸ ਸਬੰਧੀ ਸਪੈਸ਼ਲ ਮੀਟਿੰਗ ਕਾਲ ਕਰਨ ਲਈ ਕਮਿਸ਼ਨਰ, ਨਗਰ ਨਿਗਮ ਬਠਿੰਡਾ ਜੀ ਵੱਲੋਂ ਪੱਤਰ ਨੰਬਰ 4860 ਲਿਖਿਆ ਗਿਆ ਹੈ। ਮਾਨਯੋਗ ਮੇਅਰ, ਨਗਰ ਨਿਗਮ ਬਠਿੰਡਾ ਜੀ ਦੇ ਖਿਲਾਫ ਰਿਕੂਜੀਸ਼ਨ ਦੇਣ ਵਾਲੇ ਕੌਂਸਲਰ ਸਾਹਿਬਾਨ ਵੱਲੋਂ ਬੇਭਰੋਸਗੀ ਸਾਬਤ ਕਰਨ ਲਈ ਕੇਸ ਹਾਊਸ ਦੇ ਵਿਚਾਰ ਹਿੱਤ।

ਮੀਟਿੰਗ ਵਿੱਚ 31 ਮੈਂਬਰ ਸਾਹਿਬਾਨ ਸਮੇਤ ਸ਼੍ਰੀ ਜਗਰੂਪ ਸਿੰਘ ਗਿੱਲ, ਵਿਧਾਇਕ-ਕਮ-ਐਕਸ ਆਫੀਸ਼ਿਓ ਮੈਂਬਰ ਕੁੱਲ 32 ਮੈਂਬਰ ਸਾਹਿਬਾਨ ਹਾਜ਼ਰ ਆਏ। ਸ਼੍ਰੀ ਜਗਰੂਪ ਸਿੰਘ ਗਿੱਲ, ਵਿਧਾਇਕ-ਕਮ-ਐਕਸ ਆਫੀਸ਼ਿਓ ਮੈਂਬਰ ਅਤੇ ਸ਼੍ਰੀ ਸੁਖਦੀਪ ਸਿੰਘ ਢਿੱਲੋਂ, ਕੌਂਸਲਰ ਵਾਰਡ ਨੰਬਰ 02 ਨੇ ਵੋਟਿੰਗ ਵਿੱਚ ਹਿੱਸਾ ਨਹੀਂ ਲਿਆ, ਬਾਕੀ ਸਾਰੇ 30 ਮੈਂਬਰਾਂ ਨੇ ਹੱਥ ਖੜੇ ਕਰਕੇ ਮੇਅਰ, ਨਗਰ ਨਿਗਮ ਬਠਿੰਡਾ ਦੇ ਖਿਲਾਫ ਬੇਭਰੋਸਗੀ ਦਾ ਮਤਾ ਪਾਸ ਕੀਤਾ। ਸ਼੍ਰੀ ਜਗਰੂਪ ਸਿੰਘ ਗਿੱਲ, ਵਿਧਾਇਕ-ਕਮ-ਐਕਸ ਆਫੀਸ਼ਿਓ ਮੈਂਬਰ ਨੇ ਦੋਹਾਂ ਧਿਰਾਂ ਦਾ ਧੰਨਵਾਦ ਕੀਤਾ। ਸ਼੍ਰੀ ਹਰਪਾਲ ਸਿੰਘ ਢਿੱਲੋਂ ਕੌਂਸਲਰ ਵਾਰਡ ਨੰਬਰ 08 ਨੇ ਕਿਹਾ ਕਿ ਜਿਸ ਦਿਨ ਮੇਅਰ ਨਗਰ ਨਿਗਮ ਬਠਿੰਡਾ ਦੀ ਚੋਣ ਹੋਈ ਸੀ, ਉਸ ਦਿਨ ਵੀ ਉਨ੍ਹਾਂ ਵੱਲੋਂ ਅਤੇ ਸ਼੍ਰੀ ਮਲਕੀਤ ਸਿੰਘ ਗਿੱਲ, ਕੌਂਸਲਰ ਵੱਲੋਂ ਬਾਈਕਾਟ ਕੀਤਾ ਗਿਆ ਸੀ। ਉਹਨਾਂ ਮੀਟਿੰਗ ਵਿੱਚ ਮੌਜੂਦ ਸਮੂਹ ਕੌਂਸਲਰ ਸਾਹਿਬਾਨ ਦਾ ਧੰਨਵਾਦ ਕੀਤਾ

| | |
|---|---|
| ਮਤਾ ਨੰਬਰ258: | ਮੇਅਰ, ਨਗਰ ਨਿਗਮ ਬਠਿੰਡਾ ਦੇ ਖਿਲਾਫ ਬੇਭਰੋਸਗੀ ਦਾ ਮਤਾ ਪ੍ਰਵਾਨ ਹੈ। |

ਸਹੀ/-
ਸੀਨੀਅਰ ਡਿਪਟੀ ਮੇਅਰ
ਨਗਰ ਨਿਗਮ,ਬਠਿੰਡਾ।